

ਪਾਠ-5

# ਪੌਦੇ-ਸਾਡੇ ਮਿੱਤਰ

ਗੁਰਲੀਨ ਆਪਣੇ ਪਿਤਾ ਜੀ ਨਾਲ਼ ਸਕੂਲ ਆਈ। ਉਸਦੇ ਪਿਤਾ ਜੀ ਢੇਰ ਸਾਰੇ ਪੌਦੇ ਲੈ ਕੇ ਆਏ। ਉਨ੍ਹਾਂ ਨੇ ਦੱਸਿਆ ਕਿ ਅੱਜ ਗੁਰਲੀਨ ਦਾ ਜਨਮ ਦਿਨ ਹੈ। ਇਸ ਲਈ ਉਹ ਸਕੂਲ ਵਿੱਚ ਪੌਦੇ ਲਗਾ ਕੇ ਉਸਦਾ ਜਨਮ ਦਿਨ ਮਨਾਉਣਾ ਚਾਹੁੰਦੇ ਹਨ। ਸਭ ਨੇ ਸਕੂਲ ਦੇ ਗਰਾਊਂਡ ਵਿੱਚ ਉਹਨਾਂ ਨਾਲ਼ ਖ਼ੁਸ਼ੀ-ਖ਼ੁਸ਼ੀ ਪੌਦੇ ਲਗਵਾਏ।



ਤੀਜੀ ਕਲਾਸ ਦੇ ਕੁਲਵੰਤ ਨੂੰ ਗੁਰਲੀਨ ਵੱਲੋਂ ਲਾਇਆ ਪੌਦਾ ਬੜਾ ਸੋਹਣਾ ਲੱਗਿਆ। ਉਸਨੇ ਆਪਣੀ ਅਧਿਆਪਕਾ ਨੂੰ ਪੁੱਛ ਹੀ ਲਿਆ, "ਮੈਡਮ ਜੀ ਇਹ ਕਾਹਦਾ ਪੌਦਾ ਹੈ?"

"ਬੇਟਾ, ਇਹ ਗ਼ੁਲਾਬ ਦਾ ਪੌਦਾ ਹੈ।" ਅਧਿਆਪਕ ਨੇ ਜਵਾਬ ਦਿੱਤਾ।

ਮੈਡਮ ਜੀ, 'ਇਹ ਕਿਹੜਾ ਪੌਦਾ ਹੈ, ਉਹ ਕਿਹੜਾ ਹੈ' ਕਈ ਵਿਦਿਆਰਥੀ ਇਕੱਠੇ ਹੀ ਬੋਲ ਪਏ।

ਅਧਿਆਪਕ ਨੇ ਹੱਸਦੇ ਹੋਏ ਕਿਹਾ, "ਚਲੋ ਆਪਾਂ ਇੱਕ ਖੇਡ ਖੇਡਦੇ ਹਾਂ, ਇਸ ਨਾਲ ਤੁਸੀਂ ਪੌਦਿਆਂ ਬਾਰੇ ਬਹੁਤ ਕੁੱਝ ਜਾਣ ਜਾਵੋਗੇ।"

ਹਰ ਬੱਚੇ ਨੂੰ ਇੱਕ ਸਲੇਟ ਅਤੇ ਚਾਕ ਦਿੱਤਾ ਗਿਆ।

ਅਧਿਆਪਕ ਨੇ ਕਿਹਾ, "ਜਦੋਂ ਮੈਂ ਤਾੜੀ ਮਾਰਾਂਗੀ ਤੁਸੀਂ ਆਪਣੇ ਮਨਪਸੰਦ ਪੌਦੇ ਨੂੰ ਛੂਹ ਕੇ ਉਸਦਾ ਨਾਮ ਲਿਖੋਗੇ।"



ਬੋਹੜ



ਨਿੰਮ



ਸ਼ਹਿਤੂਤ

**ਕਿਰਿਆ 1 :** ਉੱਪਰਲੇ ਚਿੱਤਰ ਵਿਚ ਬੱਚਿਆਂ ਨੇ ਪੌਦਿਆਂ ਦੇ ਨਾਮ ਬੁੱਝ ਲਏ ਹਨ। ਹੇਠਾਂ ਅਮਰੂਦ, ਪੇਠੇ ਦੀ ਵੇਲ, ਖਜੂਰ ਅਤੇ ਪਾਪਲਰ ਦੇ ਚਿੱਤਰ ਦਿੱਤੇ ਗਏ ਹਨ। ਸਬੰਧਤ ਚਿੱਤਰ ਦੇ ਹੇਠਾਂ ਇਨ੍ਹਾਂ ਦੇ ਨਾਂਵਾਂ ਨੂੰ ਲਿਖੋ—





.................................................... ....................................................

 

.............................................. ..............................................

ਪੌਦਿਆਂ ਨੂੰ ਛੂਹ ਕੇ ਸਭ ਬੜੇ ਖ਼ੁਸ਼ ਹਨ। ਅਧਿਆਪਕ ਨੇ ਇੱਕ ਰੁੱਖ ਦੇ ਤਣੇ ਵੱਲ ਇਸ਼ਾਰਾ ਕਰਕੇ ਕਿਹਾ ਕਿ ਪੌਦਿਆਂ ਦੇ ਤਣਿਆਂ ਨੂੰ ਧਿਆਨ ਨਾਲ਼ ਦੇਖੋ ਅਤੇ ਧਾਗੇ ਦੀ ਸਹਾਇਤਾ ਨਾਲ ਤਣੇ ਨਾਪੋ। ਲੱਭੋ ਕਿ ਕਿਸ ਪੌਦੇ ਦਾ ਤਣਾ ਪਤਲਾ ਹੈ ਅਤੇ ਕਿਸ ਪੌਦੇ ਦਾ ਤਣਾ ਮੋਟਾ ਹੈ।

 

ਧਾਗੇ ਦੀ ਸਹਾਇਤਾ ਨਾਲ਼ ਤਣਾ ਨਾਪਦੇ ਬੱਚੇ।

ਸਾਰੇ ਪੌਦਿਆਂ ਦਾ ਰੰਗ ਅਤੇ ਸ਼ਕਲ ਇੱਕੋ ਜਿਹੀ ਨਹੀਂ ਹੁੰਦੀ। ਜਿਵੇਂ ਕਿੱਕਰ ਦਾ ਤਣਾ ਕਾਲ਼ਾ ਅਤੇ ਸਫ਼ੈਦੇ ਦਾ ਤਣਾ ਚਿੱਟਾ ਹੁੰਦਾ ਹੈ। ਬਰਮਾ ਡੇਕ ਦੇਖਣ ਨੂੰ ਖੁੱਲ੍ਹੀ ਛਤਰੀ ਵਾਂਗ ਲਗਦੀ ਹੈ। ਸਫ਼ੈਦੇ ਲੰਬੇ ਅਤੇ ਸਿੱਧੇ ਹੁੰਦੇ ਹਨ। ਕੱਦੂ ਦੀ ਵੇਲ ਧਰਤੀ ਉੱਪਰ ਫੈਲ ਜਾਂਦੀ ਹੈ। ਤੁਸੀਂ ਆਪਣੇ ਸਕੂਲ, ਘਰ, ਪਾਰਕ ਅਤੇ ਖੇਤ ਵਿੱਚ ਕਈ ਤਰ੍ਹਾਂ ਦੇ ਪੌਦੇ ਵੇਖੇ ਹੋਣਗੇ। ਉਨ੍ਹਾਂ ਦੇ ਅਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਪ੍ਰਸ਼ਨ 1. ਵੱਖ-ਵੱਖ ਰੰਗ ਦੇ ਤਣਿਆਂ ਵਾਲੇ ਦੋ ਪੌਦਿਆਂ ਦੇ ਨਾਮ ਲਿਖੋ।

..............................................................................

..............................................................................

ਪ੍ਰਸ਼ਨ 2. ਦੋ ਅਜਿਹੇ ਪੌਦੇ ਲੱਭੋ ਜੋ ਛਤਰੀ ਵਾਂਗ ਦਿਖਦੇ ਹਨ।

..............................................................................

..............................................................................

ਪ੍ਰਸ਼ਨ 3. ਦੋ ਅਜਿਹੇ ਪੌਦੇ ਲੱਭੋ ਜੋ ਲੰਬੇ ਅਤੇ ਸਿੱਧੇ ਹਨ।

..............................................................................

..............................................................................

ਪ੍ਰਸ਼ਨ 4. ਦੋ ਅਜਿਹੇ ਪੌਦੇ ਲੱਭੋ ਜੋ ਧਰਤੀ ਉੱਪਰ ਫੈਲ ਜਾਂਦੇ ਹਨ।

..............................................................................

..............................................................................




ਕੀ ਤੁਸੀਂ ਜਾਣਦੇ ਹੋ ?
ਪੌਦੇ ਦੇ ਮੁਢਲੇ ਭਾਗ ਜੜ੍ਹ, ਤਣਾ, ਪੱਤੇ, ਫੁੱਲ ਅਤੇ ਫ਼ਲ਼ ਹੁੰਦੇ ਹਨ।

ਜਗਜੀਤ ਨੇ ਅਧਿਆਪਕ ਨੂੰ ਕਿਹਾ 'ਮੈਨੂੰ ਰੁੱਖਾਂ ਬਾਰੇ ਇੱਕ ਗੀਤ ਆਉਂਦਾ ਹੈ"। ਅਧਿਆਪਕ ਨੇ ਸਭ ਬੱਚੇ ਰੁੱਖਾਂ ਦੀ ਛਾਂਵੇਂ ਬਿਠਾ ਲਏ ਅਤੇ ਜਗਜੀਤ ਨੂੰ ਗੀਤ ਸੁਣਾਉਣ ਲਈ ਕਿਹਾ।

ਮੁਫ਼ਤ ਇਹ ਸਾਨੂੰ ਛਾਂ ਦਿੰਦੇ ਨੇ,
ਠੰਢੀ-ਠੰਢੀ ਹਵਾ ਦਿੰਦੇ ਨੇ,
ਆਰੀ ਤੇ ਕੁਲਹਾੜੀ ਪਿੱਛੇ ਹਟਾ ਲਈਏ,
ਰੁੱਖਾਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਅੰਬ, ਸੇਬ ਤੇ ਕੇਲਾ ਮਿੱਠਾ,
ਕਿਨੂੰ, ਸੰਤਰਾ, ਨਿੰਬੂ ਖੱਟਾ,
ਰੁੱਖਾਂ ਤੋਂ ਫਲ਼ ਮਿਲਦੇ, ਰੁੱਖ ਲਗਾ ਲਈਏ,
ਰੁੱਖਾਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਪੰਛੀਆਂ ਦਾ ਇਹ ਰੈਣ ਬਸੇਰਾ,
ਲੱਕੜੀ, ਭੋਜਨ ਦੇਣ ਬਥੇਰਾ,
ਰੁੱਖਾਂ ਵਰਗੇ ਮਿੱਤਰ ਨਾ ਗੁਆ ਬਹੀਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਮੀਂਹ ਪਵਾਉਣ 'ਚ ਮਦਦ ਦੇਂਦੇ,
ਵਿੱਚ ਦਵਾਈਆਂ ਵੀ ਇਹ ਪੈਂਦੇ,
ਗੰਦੀ ਹਵਾ ਨੂੰ ਸਾਫ਼ ਕਰਾ ਲਈਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਅੰਨ੍ਹੇਵਾਹ ਨਾਂ ਪੌਦੇ ਕੱਟੀਏ,
ਲੋੜ ਵੇਲੇ ਜੋ ਰੁੱਖ ਨੂੰ ਪੱਟੀਏ,
ਇਕ ਦੀ ਥਾਂ ਪੰਜ ਪੌਦੇ ਲਾ ਦੇਈਏ।
ਪੌਦਿਆਂ ਦੇ ਨਾਲ਼ ਪੱਕੀ ਆੜੀ ਪਾ ਲਈਏ।

ਸਭ ਨੇ ਖ਼ੂਬ ਤਾੜੀਆਂ ਮਾਰੀਆਂ। ਗੀਤ ਸੁਣ ਕੇ ਬੱਚਿਆਂ ਨੂੰ ਪਤਾ ਲੱਗਾ ਕਿ ਪੌਦੇ ਸਾਨੂੰ ਕਿੰਨਾ ਕੁੱਝ ਦਿੰਦੇ ਹਨ।

**ਕਿਰਿਆ-2 :** ਹੇਠਾਂ ਕੁੱਝ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ ਉਹਨਾਂ ਵਿੱਚੋਂ ਜੋ ਵਸਤੂਆਂ ਸਾਨੂੰ ਰੁੱਖਾਂ ਜਾਂ ਪੌਦਿਆਂ ਤੋਂ ਪ੍ਰਾਪਤ ਹੁੰਦੀਆਂ ਹਨ ਉਹਨਾਂ 'ਤੇ ਚੱਕਰ ਲਗਾਓ।

| | | |
|---|---|---|
| ਛਾਂ | ਦਵਾਈਆਂ | ਫਲ਼ |
| ਕੁਲਫ਼ੀ | ਲੱਕੜੀ | ਪੈੱਨ |
| ਠੰਢੀ ਠੰਢੀ ਹਵਾ | ਰੂੰ | ਸਾਈਕਲ |
| ਪਲਾਸਟਿਕ ਦੀ ਬਾਲਟੀ | ਕੱਚਾ ਭੋਜਨ | ਹਲਦੀ |

'ਮੈਡਮ ਜੀ, ਪੌਦੇ ਮੀਂਹ ਵੀ ਪਵਾਉਂਦੇ ਹਨ ?" ਰਾਜੂ ਨੇ ਪੁੱਛਿਆ।

"ਹਾਂ ਬੇਟਾ, ਪੌਦੇ ਮੀਂਹ ਪਵਾਉਂਦੇ ਹਨ, ਹਵਾ ਨੂੰ ਸਾਫ਼ ਕਰਦੇ ਹਨ ਅਤੇ ਭੌਂ-ਖੋਰ ਤੋਂ ਬਚਾਅ ਵੀ ਕਰਦੇ ਹਨ।" ਅਧਿਆਪਕ ਨੇ ਸਮਝਾਉਣਾ ਸ਼ੁਰੂ ਕੀਤਾ।

**ਭੌਂ-ਖੋਰ ਤੋਂ ਭਾਵ ਹਵਾ ਅਤੇ ਪਾਣੀ ਨਾਲ ਧਰਤੀ ਦੀ ਉੱਪਰਲੀ ਪਰਤ ਦਾ ਖੁਰ ਜਾਣਾ ਹੈ। ਪੌਦਿਆਂ ਦੀਆਂ ਜੜ੍ਹਾਂ ਮਿੱਟੀ ਨੂੰ ਜਕੜ ਕੇ ਰੱਖਦੀਆਂ ਹਨ ਅਤੇ ਭੌਂ-ਖੋਰ ਤੋਂ ਬਚਾਉਂਦੀਆਂ ਹਨ।**

ਰਾਹੁਲ ਖ਼ੁਸ਼ੀ ਖ਼ੁਸ਼ੀ ਬੋਲਿਆ, "ਫਿਰ ਤਾਂ ਪੌਦੇ ਸਾਡੇ ਸਭ ਤੋਂ ਵਧੀਆ ਦੋਸਤ ਹਨ।" "ਕੀ ਤੁਸੀਂ ਪੌਦਿਆਂ ਨਾਲ ਦੋਸਤੀ ਕਰੋਗੇ ?" ਅਧਿਆਪਕ ਨੇ ਪੁੱਛਿਆ। "ਹਾਂ ਜੀ, ਹਾਂ ਜੀ" ਸਾਰੇ ਵਿਦਿਆਰਥੀਆਂ ਨੇ ਹੱਥ ਖੜ੍ਹੇ ਕਰਕੇ ਕਿਹਾ।

ਅਧਿਆਪਕ ਨੇ ਹਰ ਬੱਚੇ ਨੂੰ ਮਨਪਸੰਦ ਪੌਦਾ ਨਵੇਂ ਦੋਸਤ ਵਜੋਂ ਸਾਂਭ-ਸੰਭਾਲ ਕਰਨ ਲਈ ਦੇ ਦਿੱਤਾ। ਰਣਦੀਪ ਨੇ ਅਚਾਨਕ ਪੁੱਛਿਆ, "ਮੈਡਮ ਜੀ, ਕੀ ਆਪਣੇ ਸਕੂਲ ਵਿਚ ਸੇਬ ਦਾ ਪੌਦਾ ਹੈ?" "ਨਹੀਂ ਬੇਟਾ, ਸੇਬ ਦੇ ਪੌਦੇ ਬਹੁਤ ਠੰਢੇ ਇਲਾਕੇ ਵਿੱਚ ਹੁੰਦੇ ਹਨ।" ਜਿਵੇਂ ਕਸ਼ਮੀਰ ਅਤੇ ਸ਼ਿਮਲਾ।

| ਪੇੜ/ਪੌਦੇ ਦਾ ਨਾਂ | ਜਿਸ ਖੇਤਰ ਵਿੱਚ ਵੱਧ ਮਿਲਦਾ ਹੈ |
|---|---|
| ਬਦਾਮ | ਕਸ਼ਮੀਰ ਅਤੇ ਹਿਮਾਚਲ |
| ਨਾਰੀਅਲ | ਕੇਰਲ ਅਤੇ ਗੋਆ |
| ਕਣਕ | ਪੰਜਾਬ ਅਤੇ ਹਰਿਆਣਾ |

ਅਗਲੇ ਦਿਨ ਗੁਰਲੀਨ ਇੱਕ ਪੌਦੇ ਦੇ ਪੱਤੇ ਲੈ ਕੇ ਆਈ। ਇਹ ਪੱਤੇ ਗਾਜਰ ਘਾਹ ਦੇ ਸਨ। ਉਹ ਬਹੁਤ ਸਾਰੀਆਂ ਗੱਲਾਂ ਦੱਸਣ ਨੂੰ ਕਾਹਲੀ ਸੀ। ਅਧਿਆਪਕ ਦੇ ਜਮਾਤ ਵਿੱਚ ਆਉਂਦਿਆਂ ਹੀ ਗੁਰਲੀਨ ਛੇਤੀ-ਛੇਤੀ ਬੋਲਣ ਲੱਗੀ ਕਿ ਕੱਲ੍ਹ ਉਸਨੂੰ ਉਸਦੇ ਦਾਦਾ ਜੀ ਨੇ ਬਹੁਤ ਸਾਰੇ ਪੌਦੇ ਦਿਖਾਏ। ਦਾਦਾ ਜੀ ਨੇ ਦੱਸਿਆ ਕਿ ਜਦੋਂ ਉਹ ਛੋਟੇ ਹੁੰਦੇ ਸਨ ਤਾਂ ਇਹ ਗਾਜਰ-ਘਾਹ ਪੌਦੇ ਨਹੀਂ ਹੁੰਦੇ ਸਨ।

ਉਸਦੇ ਗੁਆਂਢੀ ਬਜ਼ੁਰਗ ਸੰਤਾ ਸਿੰਘ ਨੇ ਉਸਨੂੰ ਦੱਸਿਆ ਕਿ 'ਗਾਜਰ-ਘਾਹ' ਆਪਣੇ ਆਪ ਹੀ ਬਹੁਤ ਜ਼ਿਆਦਾ ਮਾਤਰਾ ਵਿੱਚ ਉੱਗ ਜਾਂਦੀ ਹੈ। ਇਹ ਸਾਡੀਆਂ ਫ਼ਸਲਾਂ ਦੀ ਖ਼ੁਰਾਕ ਖਾ ਜਾਂਦੀ ਹੈ। ਇਸ ਨੂੰ ਖਤਮ ਕਰਨ ਲਈ ਦਵਾਈਆਂ ਛਿੜਕਣੀਆਂ ਪੈਂਦੀਆਂ ਹਨ। ਜੋ ਸਾਡੀ ਧਰਤੀ, ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਹੀਆਂ ਹਨ।





## ਯਾਦ ਰੱਖਣ ਯੋਗ ਗੱਲਾਂ

- ਪੌਦੇ ਦੇ ਮੁਢਲੇ ਭਾਗ ਜੜ੍ਹ, ਤਣਾ, ਪੱਤੇ, ਫੁੱਲ ਅਤੇ ਫਲ਼ ਹੁੰਦੇ ਹਨ।
- ਪੌਦਿਆਂ ਦੇ ਵੱਖ-ਵੱਖ ਭਾਗਾਂ ਦੀ ਵਰਤੋਂ ਦਵਾਈਆਂ ਵਿੱਚ ਕੀਤੀ ਜਾਂਦੀ ਹੈ।
- ਪੌਦਿਆਂ ਤੋਂ ਸਾਨੂੰ ਲੱਕੜੀ, ਫਲ਼, ਛਾਂ ਆਦਿ ਮਿਲਦੇ ਹਨ।
- ਭੂਮੀ-ਖੋਰ ਤੋਂ ਭਾਵ ਹੈ ਹਵਾ ਅਤੇ ਪਾਣੀ ਨਾਲ ਧਰਤੀ ਦੀ ਉੱਪਰਲੀ ਪਰਤ ਦਾ ਖੁਰਨਾ।
- ਸਾਨੂੰ ਰੁੱਖ ਲਗਾ ਕੇ ਉਨ੍ਹਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ।



ਪ੍ਰਸ਼ਨ 5. ਪੌਦੇ ਦੇ ਕੋਈ ਦੋ ਭਾਗ ਦੱਸੋ।

....................................................................................................

....................................................................................................

ਪ੍ਰਸ਼ਨ 6. ਪੌਦਿਆਂ ਤੋਂ ਮਿਲਣ ਵਾਲੀਆਂ ਦੋ ਵਸਤੂਆਂ ਦੇ ਨਾਮ ਲਿਖੋ।

..................................................................................................

..................................................................................................

7. ਖ਼ਾਲੀ ਥਾਂਵਾਂ ਭਰੋ—

(ਘੱਟੇ, ਠੰਢੇ, ਛਤਰੀ, ਵੇਲ, ਸਾਫ਼)

(ੳ) ਪੌਦੇ ਗੰਦੀ ਹਵਾ ਨੂੰ .............................. ਕਰਨ ਵਿੱਚ ਮਦਦ ਕਰਦੇ ਹਨ।

(ਅ) ਕਿੰਨੂ, ਸੰਤਰਾ ਅਤੇ ਨਿੰਬੂ .............................. ਫਲ਼ ਹਨ।

(ੲ) ਕੱਦੂ ਦੀ .............................. ਧਰਤੀ ਉੱਪਰ ਫੈਲ ਜਾਂਦੀ ਹੈ।

(ਸ) ਬਰਮਾ ਡੇਕ ਦੇਖਣ ਵਿੱਚ .............................. ਵਰਗੀ ਹੁੰਦੀ ਹੈ।

(ਹ) ਸੇਬ ਦੇ ਪੌਦੇ .............................. ਇਲਾਕੇ ਵਿੱਚ ਉੱਗਦੇ ਹਨ।

9. ਮਿਲਾਨ ਕਰੋ।

| | |
|---|---|
| (ੳ) ਕੇਸਰੀ ਲੱਗਣ ਫੁੱਲ ਓਸਨੂੰ, ਕਰੇ ਬਿਨ ਪੱਤਿਆਂ ਤੋਂ ਛਾਂ,<br>ਬੁੱਝੋਂ ਖਾਂ ਭਲਾ ਬੱਚਿਓ, ਕੀ ਇਸ ਰੁੱਖ ਦਾ ਨਾਂ। | ਗੰਨਾ |
| (ਅ) ਕਾਠ ਉੱਤੇ ਕਾਠ, ਵਿੱਚ ਬੈਠਾ ਜਗਨਨਾਥ। | ਨਿੰਮ |
| (ੲ) ਇੱਕ ਸੋਟੀ ਦੀ ਕਹਾਣੀ, ਵਿੱਚ ਭਰਿਆ ਮਿੱਠਾ ਪਾਣੀ। | ਕਰੀਰ |
| (ਸ) ਟਾਹਣੀਆਂ ਕੌੜੀਆਂ, ਫਲ਼ ਮਿੱਠਾ, ਪੱਤੇ ਕੌੜੇ, ਗੁਣ ਮਿੱਠਾ। | ਬਦਾਮ |

10. ਸਹੀ ਉੱਤਰ (✓) ਤੇ ਨਿਸ਼ਾਨ ਲਗਾਉ।

(ੳ) ਪੌਦੇ ਦਾ ਕਿਹੜਾ ਭਾਗ ਮਿੱਟੀ ਨੂੰ ਜਕੜ ਕੇ ਰੱਖਦਾ ਹੈ।

ਪੱਤੇ ☐ ਜੜ੍ਹਾਂ ☐ ਫੁੱਲ ☐

(ਅ) ਸਾਡੀਆਂ ਫ਼ਸਲਾਂ ਦੀ ਖ਼ੁਰਾਕ ਖਾ ਜਾਂਦੀ ਹੈ।

ਗਾਜਰ ਘਾਹ ☐ ਕਿੱਕਰ ☐ ਨਿੰਮ ☐

(ੲ) ਭੌਂ-ਖੋਰ ਤੋਂ ਭਾਵ ਹੈ।

ਹੜ੍ਹ ਆ ਜਾਣਾ ☐ ਰੁੱਖਾਂ ਦਾ ਸੁੱਕ ਜਾਣਾ ☐

ਮਿੱਟੀ ਦਾ ਖੁਰ ਜਾਣਾ ☐

11. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ☐

(ਅ) ਪੌਦਿਆਂ ਨੂੰ ਦੇਖਭਾਲ ਦੀ ਲੋੜ ਨਹੀਂ ਹੁੰਦੀ। ☐

(ੲ) ਜ਼ਹਿਰੀਲੀਆਂ ਦਵਾਈਆਂ ਧਰਤੀ, ਹਵਾ ਅਤੇ ਪਾਣੀ ਨੂੰ ਜ਼ਹਿਰੀਲਾ ਬਣਾ ਰਹੀਆਂ ਹਨ। ☐

*****